# ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ

1. ਯੂਨਾਈਟਿਡ ਵੇ ਦਾ ਉਦੇਸ਼, ਦਰਿਸ਼ਟੀ ਅਤੇ ਕਦਰਾਂ-ਕੀਮਤਾਂ ਕੀ ਹਨ?
2. ਯੂਨਾਈਟਿਡ ਵੇ ਸਮਾਜਕ ਤਬਦੀਲੀ ਕਿਵੇਂ ਲਿਆਉਂਦੀ ਹੈ?
3. ਯੂਨਾਈਟਿਡ ਵੇ ਸਮਾਜਕ ਸੇਵਾ ਦੇ ਹਿੱਸੇ ਨੂੰ ਕਿਵੇਂ ਮਜ਼ਬੂਤ ਬਣਾਉਣਾ ਚਾਹੁੰਦੀ ਹੈ?
4. ਯੂਨਾਈਟਿਡ ਵੇ ਦੇ ਫੰਡ ਦੇਣ ਲੱਗਿਆਂ ਪਹਿਲ ਦੇਣ ਦੇ ਆਧਾਰ ਕੀ ਹੁੰਦੇ ਹਨ?
5. ਕਮਿਊਨਿਟੀ ਫੰਡ ਤੋਂ ਕੀ ਭਾਵ ਹੈ?
6. ਸਿੱਧੇ ਤੌਰ ਤੇ ਏਜੰਸੀ ਨੂੰ ਦੇਣ ਦੀ ਬਜਾਏ ਮੈਂ ਯੂਨਾਈਟਿਡ ਵੇ ਨੂੰ ਕਿਉਂ ਦਿਆਂ?
7. ਪੀਲ ਰੀਜਨ ਦੀ ਯੂਨਾਈਟਿਡ ਵੇ ਵੱਲੋਂ ਇਕੱਤਰ ਕੀਤੇ ਗਏ ਫੰਡ ਕੀ ਕਮਿਊਨਿਟੀ ਵਿੱਚ ਹੀ ਰਹਿੰਦੇ ਹਨ?
8. ਕਮਿਊਨਿਟੀ ਫੰਡ ਰਾਹੀਂ ਯੂਨਾਈਟਿਡ ਵੇ ਕਿੰਨੀਆਂ ਕੁ ਏਜੰਸੀਆਂ ਨੂੰ ਮਦਦ ਦਿੰਦੀ ਹੈ?
9. ਯੂਨਾਈਟਿਡ ਵੇ ਦੇ ਫੰਡ ਇਕੱਤਰ ਕਰਨ ਦੇ ਅਤੇ ਪ੍ਰਸ਼ਾਸਨ ਦੇ ਖ਼ਰਚੇ ਕਿੰਨੇ ਹੁੰਦੇ ਹਨ?
10. ਕੀ ਯੂਨਾਈਟਿਡ ਵੇ ਸਿਰਫ਼ ਗ਼ਰੀਬੀ ਵਿੱਚ ਰਹਿੰਦੇ ਲੋਕਾਂ ਦੀ ਮਦਦ ਹੀ ਕਰਦੀ ਹੈ?
11. ਮੈਨੂੰ ਕਿਵੇਂ ਪਤਾ ਲੱਗਦਾ ਹੈ ਕਿ ਮੇਰੇ ਵੱਲੋਂ ਦਿੱਤੇ ਦਾਨ ਦੀ ਰਕਮ ਓਥੇ ਹੀ ਖ਼ਰਚ ਹੁੰਦੀ ਹੈ ਜਿੱਥੇ ਇਸ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ?
12. ਯੂਨਾਈਟਿਡ ਵੇ ਅਤੇ ਇਸ ਦੀਆਂ ਏਜੰਸੀਆਂ ਦਾਨੀਆਂ ਪ੍ਰਤੀ ਕਿਵੇਂ ਜਵਾਬਦੇਹ ਹੁੰਦੀਆਂ ਹਨ?
13. ਕੋਈ ਸੰਸਥਾ ਯੂਨਾਈਟਿਡ ਵੇ ਤੋਂ ਫੰਡ ਲੈਣ ਲਈ ਕਿਵੇਂ ਯੋਗ ਬਣਦੀ ਹੈ?
14. ਏਜੰਸੀਆਂ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ?
15. ਮੈਂ ਪੀਲ ਰੀਜਨ ਵਿੱਚ ਕੰਮ ਨਹੀਂ ਕਰਦਾ ਤਾਂ ਫ਼ਿਰ ਮੈਂ ਕਿਉਂ ਯੋਗਦਾਨ ਪਾਵਾਂ?
16. ਜਦ ਕਿ ਮੈਂ ਤੁਹਾਡੀ ਮਦਦ ਨਾਲ ਚਲਦੇ ਪ੍ਰੋਗਰਾਮ ਦੀ ਵਰਤੋਂ ਨਹੀਂ ਕਰਦਾ ਤਾਂ ਫ਼ਿਰ ਮੈਂ ਯੂਨਾਈਟਿਡ ਵੇ ਨੂੰ ਕਿਉਂ ਦੇਵਾਂ?
17. ਕੀ ਮੈਂ ਆਪਣਾ ਦਾਨ ਕਮਿਊਨਿਟੀ ਫੰਡ ਦੇ ਪਹਿਲ ਲੈਣ ਵਾਲੇ ਕਿਸੇ ਵਿਸ਼ੇਸ਼ ਖੇਤਰ ਲਈ ਨਾਮਜ਼ਦ ਕਰ ਸਕਦਾ ਹਾਂ।?
18. ਕੀ ਮੈਂ ਕਿਸੇ ਅਜਿਹੀ ਖ਼ਰਾਇਤੀ ਸੰਸਥਾ ਨੂੰ ਦਾਨ ਦੇ ਸਕਦਾ ਹਾਂ ਜਿਹੜੀ ਯੂਨਾਈਟਿਡ ਵੇ ਤੋਂ ਫੰਡ ਪ੍ਰਾਪਤ ਨਾ ਕਰ ਰਹੀ ਹੋਵੇ?
19. ਕੀ ਮੈਂ ਇਹ ਯਕੀਨੀ ਬਣਾ ਸਕਦਾ ਹਾਂ ਕਿ ਮੇਰਾ ਦਾਨ ਯੂਨਾਈਟਿਡ ਵੇ ਵੱਲੋਂ ਫੰਡ ਪ੍ਰਾਪਤ ਕਰਨ ਵਾਲੀ ਵਿਸ਼ੇਸ਼ ਏਜੰਸੀ ਨੂੰ ਹੀ ਜਾਵੇ?
20. ਦੂਜੀਆਂ ਖ਼ੈਰਾਇਤੀ ਸੰਸਥਾਵਾਂ ਨੂੰ ਦਿੱਤੇ ਜਾਣ ਵਾਲੇ ਦਾਨ ਦੀ ਰਕਮ ਉੱਤੇ ਤੁਸੀਂ 10% ਪ੍ਰਸ਼ਾਸਨ ਫ਼ੀਸ ਕਿਉਂ ਲਾਉਂਦੇ ਹੋ?

---

## 1. ਯੂਨਾਈਟਿਡ ਵੇ ਦਾ ਉਦੇਸ਼, ਦਰਿਸ਼ਟੀ ਅਤੇ ਕਦਰਾਂ-ਕੀਮਤਾਂ ਕੀ ਹਨ?

ਇਹ ਯਕੀਨੀ ਬਣਾਉਣ ਲਈ ਕਿ ਲੋਕਾਂ ਦਾ ਧਿਆਨ ਰੱਖਿਆ ਜਾਂਦਾ ਹੈ, ਉਹ (ਸਾਡੇ ਨਾਲ) ਜੁੜੇ ਹੋਏ ਹਨ ਅਤੇ ਸਾਡੇ ਵਿੱਚ ਸ਼ਾਮਲ ਹਨ, ਸਾਡਾ ਉਦੇਸ਼ ਭਾਈਵਾਲੀ ਰਾਹੀਂ ਆਪਣੀ ਕਮਿਊਨਿਟੀ ਨਾਲ ਸਾਂਝ ਪਾਉਣੀ ਹੈ। ਸਾਡੀ ਦਰਿਸ਼ਟੀ ਜਾਰੀ ਰੱਖੀ ਜਾ ਸਕਣਵਾਲੀ ਅਜਿਹੀ ਤਬਦੀਲੀ ਦਾ ਪੱਖ ਪੂਰਨਾ ਅਤੇ ਉਤਸ਼ਾਹ ਦੇਣਾ ਹੈ ਜਿਹੜੀ ਕਮਿਊਨਿਟੀ ਨੂੰ ਮਜ਼ਬੂਤ ਬਣਾਉਂਦੀ ਹੋਵੇ ਤੇ ਜੀਵਨ ਵਿੱਚ ਸੁਧਾਰ ਲਿਆਉਂਦੀ ਹੋਵੇ। ਸ਼ਮੂਲੀਅਤ, ਉੱਤਰਦਾਇਕਤਾ, ਇਮਾਨਦਾਰੀ, ਸਹਿਕਾਰਤਾ, ਵਲੰਟੀਅਰਵਾਦ ਅਤੇ (ਭਵਿਸ਼ ਲਈ) ਦਰਿਸ਼ਟੀ ਸਾਡੀਆਂ ਕਦਰਾਂ-ਕੀਮਤਾਂ ਵਿੱਚ ਸ਼ਾਮਲ ਹਨ।

ਵਾਪਸ ਸਿਖ਼ਰ ‘ਤੇ ਜਾਓ

---

## 2. ਯੂਨਾਈਟਿਡ ਵੇ ਸਮਾਜਕ ਤਬਦੀਲੀ ਕਿਵੇਂ ਲਿਆਉਂਦੀ ਹੈ?

ਸਮੱਸਿਆ ਦੀ ਜੜ੍ਹ ਨਾਲ ਨਜਿੱਠ ਕੇ ਹੀ ਸਥਾਈ ਤਬਦੀਲੀ ਆਉਂਦੀ ਹੈ। ਭਾਵੇਂ ਯੂਨਾਈਟਿਡ ਵੇ ਤੁਰੰਤ ਲੋੜਾਂ ਪੂਰੀਆਂ ਕਰਨੀਆਂ ਜਾਰੀ ਰੱਖ ਰਹੀ ਹੈ, ਅਸੀਂ ਇਨ੍ਹਾਂ ਲੋੜਾਂ ਦੀਆਂ ਜੜ੍ਹਾਂ ਨਾਲ ਵੀ ਨਜਿੱਠਦੇ ਹਾਂ। ਅਸੀਂ ਸਮਾਜਕ ਸਮੱਸਿਆਵਾਂ, ਜਿਵੇਂ ਕਿ ਗ਼ਰੀਬੀ, ਨਵੇਂ ਆਉਣ ਵਾਲਿਆਂ ਲਈ ਮੌਕੇ,ਪਰਿਵਾਰਿਕ ਹਿੰਸਾ, ਅਤੇ ਅਲਿਹਦਗੀ ਦੇ ਕਾਰਨਾਂ ਦਾ ਮੁਆਇਨਾ ਕਰਦੇ ਹਾਂ ਅਤੇ ਕਮਿਊਨਿਟੀ ਨਾਲ ਮਿਲ਼ ਕੇ ਹੱਲ ਲੱਭਦੇ ਤੇ ਉਨ੍ਹਾਂ ਨੂੰ ਲਾਗੂ ਕਰਦੇ ਹਾਂ। ਜਾਰੀ ਰੱਹਿਣਯੋਗ ਸਮਾਜਕ ਤਬਦੀਲੀ ਲਿਆਉਣ ਲਈ ਯੂਨਾਈਟਿਡ ਵੇ ਪੰਜ ਨੁਕਾਤੀ ਸੰਗਠਿਤ ਪਹੁੰਚ ਅਪਣਾਉਂਦੀ ਹੈ:

1. ਉੱਤਮ ਪ੍ਰਬੰਧ ਵਾਲੀਆਂ ਮਨੁੱਖੀ ਸੰਭਾਲ ਸੇਵਾਵਾਂ ਅਤੇ ਅਜਿਹੇ ਪ੍ਰੋਗਰਾਮ ਜੋ ਕਮਿਊਨਿਟੀ ਦੀਆਂ ਲੋੜਾਂ ਪੂਰੀਆਂ ਕਰਨ ਉੱਤੇ ਕੇਂਦਰਤ ਹੋਣ, ਵਿੱਚ ਵਿਉਂਤਬੱਧ ਤਰੀਕੇ ਨਾਲ ਨਿਵੇਸ਼ ਕਰਨਾ।
2. ਗ਼ਰੀਬੀ, ਨਵੇਂ ਆਉਣ ਵਾਲਿਆਂ ਲਈ ਮੌਕੇ, ਅਤੇ ਮੁੱਢਲੇ ਬਾਲ ਵਿਕਾਸ ਜਿਹੇ ਪੇਚੀਦਾ ਸਮਾਜਕ ਮਸਲਿਆਂ ਨਾਲ ਨਜਿੱਠਣ ਲਈ ਕਮਿਊਨਿਟੀ ਆਧਾਰਤ ਭਾਈਵਾਲਤਾ ਦਾ ਪੱਖ ਪੂਰਨਾ ਅਤੇ ਅਗਵਾਈ ਦੇਣਾ।

3. ਇਹ ਯਕੀਨੀ ਬਣਾਉਣ ਲਈ ਕਿ ਕਮਿਊਨਿਟੀ ਕੋਲ ਮਜ਼ਬੂਤ, ਜਾਰੀ ਰਹਿਣਯੋਗ ਸੰਭਾਲ ਦਾ ਨੈੱਟਵਰਕ ਹੋਵੇ, ਏਜੰਸੀ ਦੇ ਕਰਮਚਾਰੀਆਂ ਅਤੇ ਵਲੰਟੀਅਰਾਂ ਨੂੰ ਸਿਖਲਾਈ ਅਤੇ ਹੁਨਰ ਵਿਕਾਸ ਕਰਨ ਦੇ ਮੌਕੇ ਮੁਹੱਈਆ ਕਰਨੇ।
4. ਨਾਬਰਾਬਰੀ ਨੂੰ ਖ਼ਤਮ ਕਰਨ ਲਈ ਅਤੇ ਮੌਕਿਆਂ ਦਾ ਵਿਸਥਾਰ ਕਰਨ ਲਈ ਤਾ ਕਿ ਵਿਅਕਤੀ ਆਪਣੀਆਂ ਸੰਭਾਵਨਾਵਾਂ ਪੂਰੀਆਂ ਕਰ ਸਕਨ ਪਬਲਿਕ ਪਾਲਸੀ ਵਿੱਚ ਤਬਦੀਲੀ ਲਿਆਉਣ ਲਈ ਹਮਾਇਤ ਕਰਨੀ।
5. ਆਪਣੀ ਕਮਿਊਨਿਟੀ ਲਈ ਸਾਧਨਾਂ ਦਾ ਵਾਧਾ ਕਰਨਾ

ਵਾਪਸ ਸਿਖ਼ਰ ‘ਤੇ ਜਾਓ

---

## 3. ਯੂਨਾਈਟਿਡ ਵੇ ਸਮਾਜਕ ਸੇਵਾ ਦੇ ਹਿੱਸੇ ਨੂੰ ਕਿਵੇਂ ਮਜ਼ਬੂਤ ਬਣਾਉਣਾ ਚਾਹੁੰਦੀ ਹੈ?

ਸਾਡੀ ਕਮਿਊਨਿਟੀ ਦੀ ਸੇਹਤ ਲਈ ਇਹ ਜ਼ਰੂਰੀ ਹੈ ਕਿ ਸਾਡੇ ਕੋਲ ਮਜ਼ਬੂਤ, ਮਨੁੱਖੀ ਸੰਭਾਲ ਸੇਵਾਵਾਂ ਅਤੇ ਪ੍ਰੋਗਰਾਮਾਂ ਦਾ ਜਾਰੀ ਰਹਿਣਯੋਗ ਨੈੱਟਵਰਕ ਹੋਵੇ। ਯੂਨਾਈਟਿਡ ਵੇ ਸਮਾਜਿਕ ਸੇਵਾਵਾਂ ਦੇ ਹਿੱਸੇ ਨੂੰ ਮਜ਼ਬੂਤ ਕਰਨਾ ਚਾਹੁੰਦੀ ਹੈ ਤਾ ਕਿ ਸਾਡੀ ਕਮਿਊਨਿਟੀ ਵਿੱਚ ਲੋਕਾਂ ਨੂੰ ਉਹ ਸੇਵਾਵਾਂ ਮਿਲਦੀਆਂ ਹੋਣ ਜਿੰਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੈ। ਇਸ ਤਰ੍ਹਾਂ ਅਸੀਂ ਕਈ ਢੰਗਾਂ ਰਾਹੀਂ ਕਰਦੇ ਹਾਂ ਜਿਨ੍ਹਾਂ ਵਿੱਚ 100 ਤੋਂ ਵੱਧ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਸਿੱਧੇ ਫ਼ੰਡ ਦੇਣੇ, ਏਜੰਸੀਆਂ ਲਈ ਸਿਖਲਾਈ ਦੇ ਮੌਕੇ ਕਾਇਮ ਕਰਨੇ, ਪੇਚੀਦਾ ਸਮਾਜਿਕ ਮਸਲਿਆਂ ਨਾਲ ਨਜਿੱਠਣ ਲਈ ਕਮਿਊਨਿਟੀ ਅੰਦਰ ਭਾਈਵਾਲੀ ਪੈਦਾ ਕਰਨੀ, ਲੋਕਾਂ ਕੋਲ ਲੋੜੀਂਦੀਆਂ ਸੇਵਾਵਾਂ ਅਤੇ ਪ੍ਰੋਗਰਾਮ ਤਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਪਬਲਿਕ ਪਾਲਸੀ ਵਿੱਚ ਤਬਦੀਲੀਆਂ ਦੀ ਹਮਾਇਤਾ ਕਰਨਾ ਸ਼ਾਮਲ ਹੈ।

ਵਾਪਸ ਸਿਖ਼ਰ ‘ਤੇ ਜਾਓ

---

## 4. ਯੂਨਾਈਟਿਡ ਵੇ ਦੇ ਫ਼ੰਡ ਦੇਣ ਲੱਗਿਆਂ ਪਹਿਲ ਦੇਣ ਦੇ ਆਧਾਰ ਕੀ ਹੁੰਦੇ ਹਨ?

ਖੋਜ ਅਤੇ ਵਿਸਤਰਿਤ ਕਮਿਊਨਿਟੀ ਮਸ਼ਵਰੇ ਦੇ ਆਧਾਰ ਤੇ, ਯੂਨਾਈਟਿਡ ਵੇ ਹੇਠ ਦਰਜ ਜ਼ਰੂਰੀ ਸਮਾਜਿਕ ਪਹਿਲਕਦਮੀਆਂ ਲਈ ਫ਼ੰਡ ਦੇਣ ਨੂੰ ਕੇਂਦਰ ਬਣਾਉਂਦੀ ਹੈ:

- ਪਰਿਵਾਰਾਂ ਅਤੇ ਬੱਚਿਆਂ ਨੂੰ ਮਜ਼ਬੂਤ ਬਣਾਉਣਾ
- ਭੁੱਖਮਰੀ, ਬੇਘਰੀ ਅਤੇ ਗ਼ਰੀਬੀ ਨੂੰ ਘਟਾਉਣਾ
- ਦੁਰਵਿਹਾਰ ਦੀਆਂ ਸ਼ਿਕਾਰ ਔਰਤਾਂ ਅਤੇ ਬੱਚਿਆਂ ਦੀ ਮਦਦ ਕਰਨੀ
- ਬਜ਼ੁਰਗਾਂ ਵੱਲੋਂ ਸੇਹਤਮੰਦ ਅਤੇ ਸੁਤੰਤਰ ਜੀਵਨ ਬਿਤਾਉਣ ਵਿੱਚ ਉਨ੍ਹਾਂ ਦੀ ਮਦਦ ਕਰਨੀ
- ਨਵੇਂ ਆਉਣ ਵਾਲਿਆਂ ਅਤੇ ਇੰਮੀਗਰੈਂਟਾਂ ਦੀ ਵਸੇਬੇ ਅਤੇ ਰਚਣ-ਮਿਚਣ ਵਿੱਚ ਮਦਦ ਕਰਨੀ

ਵਾਪਸ ਸਿਖ਼ਰ ‘ਤੇ ਜਾਓ

---

## 5. ਕਮਿਊਨਿਟੀ ਫ਼ੰਡ ਤੋਂ ਕੀ ਭਾਵ ਹੈ?

ਕਮਿਊਨਿਟੀ ਫ਼ੰਡ ਵਿੱਚ ਪੀਲ ਰੀਜਨ ਦੀ ਯੂਨਾਈਟਿਡ ਵੇ ਨੂੰ ਪ੍ਰਾਪਤ ਸਾਰੇ ਅਜਿਹੇ ਦਾਨ ਸ਼ਾਮਲ ਹੁੰਦੇ ਹਨ ਜਿੰਨ੍ਹਾਂ ਨੂੰ ਕਿਸੇ ਹੋਰ ਰਜਿਸਟਰਸ਼ੁਦਾ ਖ਼ੈਰਾਇਤੀ ਸੰਸਥਾ ਲਈ ਨਾਮਜ਼ਦ ਨਾ ਕੀਤਾ ਗਿਆ। ਇਹ ਦਾਨ ਅਜਿਹੇ ਹਨ ਜਿੰਨ੍ਹਾਂ ਦਾ ਨਿਵੇਸ਼ ਪੀਲ ਅੰਦਰ ਇਸ ਨੀਤੀ ਨਾਲ ਕੀਤਾ ਜਾਂਦਾ ਹੈ ਕਿ ਉਹ ਜਾਰੀ ਰਹਿਣਯੋਗ ਸਮਾਜਿਕ ਤਬਦੀਲੀ ਲਿਆਉਣ ਤਾ ਕਿ ਸਾਡੀ ਕਮਿਊਨਿਟੀ ਵਿੱਚ ਹਰ ਕੋਈ ਵਧ-ਫੁੱਲ ਸਕੇ। ਕਮਿਊਨਿਟੀ ਫ਼ੰਡ ਅਜਿਹੇ ਪ੍ਰੋਗਰਾਮਾਂ, ਸੇਵਾਵਾਂ ਅਤੇ ਪਹਿਲਕਦਮੀਆਂ ਨੂੰ ਹਮਾਇਤ ਦਿੰਦਾ ਹੈ ਜੋ ਫ਼ੰਡ ਦੇਣ ਲਈ ਸਾਡੇ ਪਹਿਲ ਦੇਣ ਵਾਲੇ ਪੰਜ ਨੁਕਾਤੀ ਆਧਾਰਾਂ ਨੂੰ ਸੰਬੋਧਤ ਹੋਣ। ਸਾਡੀ ਕਮਿਊਨਿਟੀ ਅੰਦਰ ਪੇਚੀਦਾ ਮਨੁੱਖੀ ਸੰਭਾਲ ਦੇ ਮੱਸਲਿਆਂ ਪ੍ਰਤੀ ਇਹ ਕੇਂਦਰਤ, ਸਰਬੰਗੀ ਅਤੇ ਬੱਝਵੀ ਪਹੁੰਚ ਮੁਹੱਈਆ ਕਰਦਾ ਹੈ। ਇਹ ਸੰਪੂਰਨ ਪਹੁੰਚ ਦਹੁਰਾਅ ਨੂੰ ਖ਼ਤਮ ਕਰਨ ਵਿੱਚ ਮਦਦ ਕਰਦੀ ਹੈ ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਸਾਧਨਾਂ ਨੂੰ ਵੱਧ ਤੋਂ ਵੱਧ ਅਸਰਦਾਇਕ ਹੋਣ ਲਈ ਵਰਤਿਆ ਜਾਵੇ।

ਵਾਪਸ ਸਿਖ਼ਰ ‘ਤੇ ਜਾਓ

---

## 6. ਸਿੱਧੇ ਤੌਰ ਤੇ ਏਜੰਸੀ ਨੂੰ ਦੇਣ ਦੀ ਬਜਾਏ ਮੈਂ ਯੂਨਾਈਟਿਡ ਵੇ ਨੂੰ ਕਿਉਂ ਦਿਆਂ?

ਕਮਿਊਨਿਟੀ ਫ਼ੰਡ ਨੂੰ ਦੇਣ ਨਾਲ ਵਿਅਕਤੀਗਤ ਅਤੇ ਕਮਿਊਨਿਟੀ ਲਈ ਵੱਧ ਤੋਂ ਵੱਧ ਨਤੀਜੇ ਹਾਸਲ ਕਰਨ ਲਈ ਲੋੜੀਂਦੇ ਸਾਧਨ ਮੁਹੱਈਆ ਹੁੰਦੇ ਹਨ। ਕਮਿਊਨਿਟੀ ਫ਼ੰਡ ਨੂੰ ਦਿੱਤਾ ਦਾਨ ਨਾ ਸਿਰਫ਼ ਤੁਰੰਤ ਲੋੜਾਂ, ਜਿਵੇਂ ਕਿ ਭੁੱਖੇ ਪਰਿਵਾਰ ਲਈ ਭੋਜਨ

ਜਾਂ ਦੁਰਵਿਹਾਰ ਦੀ ਸ਼ਿਕਾਰ ਔਰਤ ਲਈ ਸ਼ਰਨ, ਪੂਰੀਆਂ ਕਰਨ ਵਿੱਚ ਮਦਦ ਕਰਦਾ ਹੈ ਸਗੋਂ ਸਾਖਰਤਾ ਸਿਖਲਾਈ, ਨੌਕਰੀ ਲਈ ਹੁਨਰਾਂ ਦਾ ਵਿਕਾਸ ਅਤੇ ਗੁੱਸੇ ਉੱਤੇ ਕਾਬੂ ਪਾਉਣਾ ਜਿਹੇ ਪ੍ਰੋਗਰਾਮਾਂ ਰਾਹੀਂ ਇਨ੍ਹਾਂ ਸਮੱਸਿਆਵਾਂ ਦੀ ਜੜ੍ਹ ਨਾਲ ਨਿਪਟਣ ਵਿੱਚ ਮਦਦ ਕਰਦਾ ਹੈ। ਕਮਿਊਨਿਟੀ ਫੰਡ ਨੂੰ ਦਿੱਤੇ ਦਾਨ ਇੱਕ ਥਾਂ ਇਕੱਠੇ ਕਰ ਲਏ ਜਾਂਦੇ ਹਨ ਅਤੇ ਫ਼ਿਰ ਯੂਨਾਈਟਿਡ ਵੇ ਵੱਲੋਂ ਰਿਵੀਊ ਦੇ ਅਮਲ ਅਤੇ ਨੀਤੀਬੱਧ ਪਹੁੰਚ ਰਾਹੀਂ ਉਨ੍ਹਾਂ ਨੂੰ ਵੰਡਿਆ ਜਾਂਦਾ ਹੈ।

ਵਾਪਸ ਸਿਖ਼ਰ 'ਤੇ ਜਾਓ

---

## 7. ਪੀਲ ਰੀਜਨ ਦੀ ਯੂਨਾਈਟਿਡ ਵੇ ਵੱਲੋਂ ਇਕੱਤਰ ਕੀਤੇ ਗਏ ਫੰਡ ਕੀ ਕਮਿਊਨਿਟੀ ਵਿੱਚ ਹੀ ਰਹਿੰਦੇ ਹਨ?

ਤੁਹਾਡਾ ਨਿਵੇਸ਼ ਦੂਰ ਤਕ ਜਾਂਦਾ ਹੈ ਪਰ ਬਹੁਤੀ ਦੂਰ ਨਹੀਂ ਜਾਂਦਾ। ਜੇ ਦਾਨੀ ਵੱਲੋਂ ਨਾਮਜ਼ਦਗੀ ਨਾ ਕੀਤੀ ਗਈ ਹੋਵੇ ਤਾਂ ਕੰਜੀਵੰਤ ਸਮਾਜਿਕ ਮਸਲਿਆਂ ਦੇ ਹੱਲ ਲਈ ਇਹ ਸਾਰੇ ਦਾਨ ਇਥੇ ਬਰੈਂਪਟਨ, ਕੈਲੇਡੋਨ ਅਤੇ ਮਿਸੀਸਾਗਾ ਵਿੱਚ ਹੀ ਰਹਿੰਦੇ ਹਨ।

ਵਾਪਸ ਸਿਖ਼ਰ 'ਤੇ ਜਾਓ

---

## 8. ਕਮਿਊਨਿਟੀ ਫੰਡ ਰਾਹੀਂ ਯੂਨਾਈਟਿਡ ਵੇ ਕਿੰਨੀਆਂ ਕੁ ਏਜੰਸੀਆਂ ਨੂੰ ਮਦਦ ਦਿੰਦੀ ਹੈ?

2007/08 ਵਿੱਚ, ਅਸੀਂ 53 ਵੱਖ ਵੱਖ ਕਮਿਊਨਿਟੀ ਏਜੰਸੀਆਂ ਰਾਹੀਂ 108 ਪ੍ਰੋਗਰਾਮਾਂ ਅਤੇ ਸੇਵਾਵਾਂ ਲਈ ਫੰਡ ਦੇਵਾਂਗੇ।

ਵਾਪਸ ਸਿਖ਼ਰ 'ਤੇ ਜਾਓ

---

## 9. ਯੂਨਾਈਟਿਡ ਵੇ ਦੇ ਫੰਡ ਇਕੱਤਰ ਕਰਨ ਦੇ ਅਤੇ ਪ੍ਰਸ਼ਾਸਨ ਦੇ ਖ਼ਰਚੇ ਕਿੰਨੇ ਹੁੰਦੇ ਹਨ?

ਪੀਲ ਰੀਜਨ ਦੀ ਯੂਨਾਈਟਿਡ ਵੇ ਵੱਲੋਂ ਇਕੱਤਰ ਕੀਤੇ ਜਾਂਦੇ ਸਾਰੇ ਫੰਡ ਵਿੱਚੋਂ ਫੰਡ ਇਕੱਤਰ ਕਰਨ ਲਈ (9.5%), ਪ੍ਰਬੰਧਕੀ ਖ਼ਰਚੇ (7.1%) ਸਮੇਤ ਮਿਲਾ ਕੇ ਕੁੱਲ 16.6% ਇਨ੍ਹਾਂ ਖ਼ਰਚਿਆਂ ਨੂੰ ਪੂਰੇ ਕਰਨ ਲਈ ਵਰਤਿਆ ਜਾਂਦਾ ਹੈ ਜੋ ਸਾਨੂੰ ਲਾਗਤ-ਕੁਸ਼ਲਤਾ ਪੱਖੋਂ ਉੱਤਰੀ ਅਮਰੀਕਾ ਵਿੱਚ ਆਗੂ ਬਣਾਉਂਦਾ ਹੈ। ਕਰਮਚਾਰੀਆਂ ਵੱਲੋਂ ਫੰਡ ਇਕੱਠਾ ਕਰਨ ਦੀ ਮੁਹਿੰਮ ਸਭ ਤੋਂ ਕਾਰਗਰ ਢੰਗ ਹਨ। ਇਸ ਦੇ ਮੁਕਾਬਲੇ ਟੈਲੀਫੋਨ ਰਾਹੀਂ ਫੰਡ ਇਕੱਤਰ ਕਰਨਾ (telemarketing) ਦੇ ਖ਼ਰਚੇ 35% ਅਤੇ 70% ਦੇ ਵਿਚਕਾਰ ਹੁੰਦੇ ਹਨ, ਲਾਟਰੀ ਦੇ 60% ਅਤੇ 80% ਦੇ ਵਿਚਕਾਰ ਅਤੇ ਵਾਕਾਥਾਨ (walkathons) ਜਿਹੇ ਖਾਸ ਮੌਕਿਆਂ 'ਤੇ 50% ਤਕ ਖ਼ਰਚਾ ਆ ਸਕਦਾ ਹੈ। ਹਜ਼ਾਰਾਂ ਵਲੰਟੀਅਰਾਂ ਦੀ ਮਦਦ ਅਤੇ ਦਾਨ ਵਜੋਂ ਮਿਲੀਆਂ ਸੇਵਾਵਾਂ ਅਤੇ ਵਸਤਾਂ ਨਾਲ ਮਿਲਾ ਕੇ ਯੂਨਾਈਟਿਡ ਵੇ ਖ਼ਰਚਿਆਂ ਨੂੰ ਘੱਟ ਰੱਖਦੀ ਹੈ।

ਵਾਪਸ ਸਿਖ਼ਰ 'ਤੇ ਜਾਓ

---

## 10. ਕੀ ਯੂਨਾਈਟਿਡ ਵੇ ਸਿਰਫ਼ ਗ਼ਰੀਬੀ ਵਿੱਚ ਰਹਿੰਦੇ ਲੋਕਾਂ ਦੀ ਮਦਦ ਹੀ ਕਰਦੀ ਹੈ?

ਨਹੀਂ! ਭਾਵੇਂ ਇਹ ਸੱਚ ਹੈ ਕਿ ਯੂਨਾਈਟਿਡ ਵੇ ਵੱਲੋਂ ਚਲਾਈਆਂ ਜਾਂਦੀਆਂ ਸੇਵਾਵਾਂ, ਪ੍ਰੋਗਰਾਮ ਅਤੇ ਪਹਿਲਕਦਮੀਆਂ ਗ਼ਰੀਬੀ ਵਿੱਚ ਰਹਿੰਦੇ ਲੋਕਾਂ ਦੀ ਮਦਦ ਕਰਦੀਆਂ ਹਨ, ਯੂਨਾਈਟਿਡ ਵੇ ਏਜੰਸੀਆਂ ਜੀਵਨ ਦੇ ਹਰੇਕ ਪਹਿਲੂ ਤੋਂ ਆਏ ਅਤੇ ਵੱਖ ਵੱਖ ਹਾਲਤਾਂ ਵਿੱਚੋਂ ਲੰਘਦੇ ਲੋਕਾਂ ਦੀ ਮਦਦ ਕਰਦੀਆਂ ਹਨ। ਕੁਝ ਕੇ ਸੇਵਾਵਾਂ, ਪ੍ਰੋਗਰਾਮ ਅਤੇ ਪਹਿਲਕਦਮੀਆਂ ਜਿੰਨ੍ਹਾਂ ਲਈ ਅਸੀਂ ਫੰਡ ਦਿੰਦੇ ਹਾਂ ਦੀਆਂ ਕੁਝ ਕੁ ਮਿਸਾਲਾਂ ਹੇਠ ਦਰਜ ਹਨ:

- ਮਾਨਸਿਕ ਬਿਮਾਰੀ ਨਾਲ ਨਿਪਟ ਰਹੇ ਪਰਿਵਾਰਾਂ ਨੂੰ ਸਹਾਇਤਾ
- ਦੁਰਵਿਹਾਰ ਵਾਲੀਆਂ ਘਰੇਲੂ ਸਥਿਤੀਆਂ ਤੋਂ ਭੱਜ ਕੇ ਬਾਹਰ ਜਾਣ ਵਾਲੀਆਂ ਔਰਤਾਂ ਲਈ ਮਦਦ
- ਇਕੱਲੇ ਬਜ਼ੁਰਗਾਂ ਅਤੇ ਅਯੋਗ ਵਿਅਕਤੀਆਂ ਲਈ ਭੋਜਨ
- ਮਾਪਿਆਂ ਦੀ ਸਿਖਿਆ ਲਈ ਵਰਕਸ਼ਾਪਾਂ
- ਜਿੰਨ੍ਹਾਂ ਦੀ ਨਜ਼ਰ ਖ਼ਤਮ ਹੋ ਗਈ ਹੋਵੇ ਉਨ੍ਹਾਂ ਨੂੰ ਚੱਲਣ-ਫ਼ਿਰਨ ਲਈ ਸਿਖਲਾਈ
- ਜੀਵਨ ਘਾਤਕ ਬਿਮਾਰੀ ਨਾਲ ਰਹਿੰਦੇ ਲੋਕਾਂ ਲਈ ਉਨ੍ਹਾਂ ਦੇ ਘਰ ਵਿੱਚ ਹੀ ਅਮਲੀ ਮਦਦ
- ਬੁਨਿਆਦੀ ਸਾਖਰਤਾ ਅਤੇ ਗਿਣਤੀ ਦੇ ਗੁਣ ਕਾਇਮ ਕਰਨ ਲਈ ਪ੍ਰੋਗਰਾਮ
- ਖ਼ਤਰੇ ਵਿੱਚ ਯੁਵਕਾਂ ਲਈ ਸਲਾਹ-ਮਸ਼ਵਰੇ ਦੇ ਪ੍ਰੋਗਰਾਮ

- ਬੱਚਿਆਂ ਲਈ ਇਮਦਾਦੀ ਪ੍ਰੋਗਰਾਮ

ਵਾਪਸ ਸਿਖ਼ਰ ‘ਤੇ ਜਾਓ

---

## 11. ਮੈਨੂੰ ਕਿਵੇਂ ਪਤਾ ਲੱਗਦਾ ਹੈ ਕਿ ਮੇਰੇ ਵੱਲੋਂ ਦਿੱਤੇ ਦਾਨ ਦੀ ਰਕਮ ਓਥੇ ਹੀ ਖ਼ਰਚ ਹੁੰਦੀ ਹੈ ਜਿੱਥੇ ਇਸ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ?

ਵਿਸਤਰਿਤ ਕਮਿਊਨਿਟੀ ਮਸ਼ਵਰਿਆਂ ਰਾਹੀਂ ਯੂਨਾਈਟਿਡ ਵੇ ਨੇ ਪੀਲ ਰੀਜਨ ਅੰਦਰ ਮੌਜੂਦਾ ਅਤੇ ਉੱਭਰ ਰਹੀਆਂ ਸਮਾਜਿਕ ਲੋੜਾਂ ਦੀ ਢੂੰਘੀ ਸੂਝ ਹਾਸਲ ਕਰ ਲਈ ਹੈ। ਲੋੜਾਂ ਦਾ ਧਿਆਣ ਰੱਖਣ,ਉਨ੍ਹਾਂ ਦੀ ਨਿਸ਼ਾਨਦੇਹੀ ਕਰਨ ਤੇ ਨੁਕਸ ਦੂਰ ਕਰਨ, ਅਤੇ ਪ੍ਰੋਗਰਾਮਾਂ ਦੇ ਨਤੀਜਿਆਂ ਦੀਆਂ ਪੈੜਾਂ ਦਾ ਪਤਾ ਰੱਖਣ ਲਈ ਯੂਨਾਈਟਿਡ ਵੇ ਪੀਲ (ਰੀਜਨ) ਅੰਦਰ ਕੰਮ ਕਰਦੀ ਹੈ। ਯੂਨਾਈਟਿਡ ਵੇ ਦਾ ਵੰਡਣ ਦਾ ਅਮਲ ਇਹ ਯਕੀਨੀ ਬਣਾਉਂਦਾ ਹੈ ਕਿ ਦਾਨ ਦੀ ਰਕਮ ਦਾ ਸਿਆਣਪ਼ ਨਾਲ ਨਿਵੇਸ਼ ਕੀਤਾ ਜਾਵੇ। ਇਸ ਅਮਲ ਵਿੱਚ, ਤਜਰਬਾਕਾਰ ਵਲੰਟੀਅਰ ਅਤੇ ਪੇਸ਼ਾਵਰ ਸਟਾਫ਼ ਕਮਿਊਨਿਟੀ ਦੀਆਂ ਲੋੜਾਂ ਦੀ ਨਿਸ਼ਾਨਦੇਹੀ ਕਰਦੇ ਹਨ, ਅਤੇ ਫ਼ੰਡ ਪ੍ਰਾਪਤ ਕਰਨ ਵਾਲੀਆਂ ਏਜੰਸੀਆਂ ਦੇ ਪ੍ਰੋਗਰਾਮਾਂ ਅਤੇ ਬਜਟਾਂ ਦੀ ਨਜ਼ਰਸਾਨੀ ਕਰਦੇ ਹਨ ਅਤੇ ਇਹ ਯਕੀਨੀ ਬਣਾਉਣ ਲਈ ਕਿ ਫ਼ੰਡ ਨਾਲ ਚਲਾਏ ਜਾਂਦੇ ਪ੍ਰੋਗਰਾਮਾਂ ਦੀ ਪੈਰਵਾਈ ਕਰਦੇ ਹਨ ਕਿ ਇਹ ਪ੍ਰਭਾਵਸ਼ਾਲੀ ਢੰਗ ਨਾਲ ਚਲਾਏ ਜਾ ਰਹੇ ਹਨ। ਸਾਡੀ ਸਾਲਾਨਾ ਰਿਪੋਰਟ ਸਾਡੇ ਵੱਲੋਂ ਵੰਡੇ ਗਏ ਲੇਖਿਆਂ ਦੇ ਵੇਰਵਿਆਂ ਦੀ ਰੂਪ-ਰੇਖਾ ਪੇਸ਼ ਕਰਦੀ ਹੈ।

ਵਾਪਸ ਸਿਖ਼ਰ ‘ਤੇ ਜਾਓ

---

## 12. ਯੂਨਾਈਟਿਡ ਵੇ ਅਤੇ ਇਸ ਦੀਆਂ ਏਜੰਸੀਆਂ ਦਾਨੀਆਂ ਪ੍ਰਤੀ ਕਿਵੇਂ ਜਵਾਬਦੇਹ ਹੁੰਦੀਆਂ ਹਨ?

ਪੀਲ ਰੀਜਨ ਦੀ ਯੂਨਾਈਟਿਡ ਵੇ ਨੂੰ ਚਲਾਉਣ ਦੇ ਬਜਟ ਦਾ ਲੇਖਾ ਪੜਤਾਲ ਇੱਕ ਸੁਤੰਤਰ ਅਕਾਊਂਟਿੰਗ ਸੰਸਥਾ ਦੁਆਰਾ ਕੀਤਾ ਜਾਂਦਾ ਹੈ ਅਤੇ ਯੂਨਾਈਟਿਡ ਵੇ ਦੀ ਵਿੱਤੀ ਅਤੇ ਲੇਖਾ ਪੜਤਾਲ ਕਮੇਟੀ ਅਤੇ ਬੋਰਡ ਆਫ਼ ਡਇਰੈਕਟਰਜ਼ ਵੱਲੋਂ ਬਹੁਤ ਧਿਆਨ ਨਾਲ ਇਸ ਦੀ ਛਾਣਬੀਣ ਕੀਤੀ ਜਾਂਦੀ ਹੈ। ਸਾਡੀਆਂ ਮੁਕੰਮਲ ਪੜਤਾਲਸ਼ੁਦਾ ਵਿੱਤੀ ਸਟੇਟਮੈਂਟਾਂ (www.unitedwaypeel.org) ਉੱਤੇ ਵੇਖੀਆਂ ਜਾ ਸਕਦੀਆਂ ਹਨ। ਸਾਰੀਆਂ ਏਜੰਸੀਆਂ ਅਤੇ ਪ੍ਰੋਗਰਾਮ ਜੋ ਯੂਨਾਈਟਿਡ ਵੇ ਤੋਂ ਫ਼ੰਡ ਲੈਣ ਲਈ ਬੇਨਤੀ ਕਰਦੇ ਹਨ, ਤਜਰਬੇਕਾਰ ਵਲੰਟੀਅਰਾਂ ਵੱਲੋਂ ਉਨ੍ਹਾਂ ਦੀ ਵਿੱਤੀ ਹਾਲਤ ‘ਤੇ ਧਿਆਨ ਨਾਲ, ਬਾਕਾਇਦਾ ਅਤੇ ਬਹੁਤ ਕਰੜਾਈ ਨਾਲ ਨਜ਼ਰਸਾਨੀ ਕੀਤੀ ਜਾਂਦੀ ਹੈ। ਅਸੀਂ ਉਨ੍ਹਾਂ ਦੀਆਂ ਪੜਤਾਲਸ਼ੁਦਾ ਸਟੇਟਮੈਂਟਾਂ ਅਤੇ ਬਜਟ ਦੇ ਦਸਤਾਵੇਜ਼ਾਂ ਦਾ ਰਿਵੀਊ ਕਰਦੇ ਹਾਂ। ਇਸ ਤੋਂ ਇਲਾਵਾ, ਏਜੰਸੀਆਂ ਲਈ ਲਾਜ਼ਮੀ ਹੈ ਕਿ ਉਹ ਹਰ ਸਾਲ ਆਪਣੇ ਪ੍ਰੋਗਰਾਮਾਂ ਅਤੇ ਸੇਵਾਵਾਂ ਦੇ ਨਤੀਜੇ ਬਾਰੇ ਰਿਪੋਰਟ ਦੇਣ। ਨਾਲ ਹੀ, ਰਜਿਸਟਰਸ਼ੁਦਾ ਖ਼ਰਾਇਤੀ ਸੰਸਥਾਵਾਂ ਕੈਨੇਡਾ ਰੈਵਿਨਿਊ ਏਜੰਸੀ (Canada Revenue Agency) ਨੂੰ ਵੀ ਉੱਤਰਦਾਈ ਹੁੰਦੀਆਂ ਹਨ।

ਵਾਪਸ ਸਿਖ਼ਰ ‘ਤੇ ਜਾਓ

---

## 13. ਕੋਈ ਸੰਸਥਾ ਯੂਨਾਈਟਿਡ ਵੇ ਤੋਂ ਫ਼ੰਡ ਲੈਣ ਲਈ ਕਿਵੇਂ ਯੋਗ ਬਣਦੀ ਹੈ?

ਯੂਨਾਈਟਿਡ ਵੇ ਤੋਂ ਫ਼ੰਡ ਲੈਣ ਦੇ ਯੋਗ ਹੋਣ ਲਈ ਸੰਸਥਾ ਨੂੰ ਹੇਠ ਦਰਜ ਸਾਰੀਆਂ ਸ਼ਰਤਾਂ ਜ਼ਰੂਰੀ ਪੂਰੀਆਂ ਕਰਨੀਆਂ ਪੈਂਦੀਆਂ ਹਨ:

- ਖ਼ਰਾਇਤੀ ਸੰਸਥਾਂ ਵਜੋਂ ਰਜਿਸਟਰਸ਼ੁਦਾ ਹੋਵੇ
- ਘੱਟੋ ਘੱਟ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਚਲਦੀ ਹੋਵੇ
- ਪੀਲ ਅੰਦਰ ਵਾਸੀਆਂ ਲਈ ਮਨੁੱਖੀ ਸੰਭਾਲ ਸੇਵਾਵਾਂ ਅਤੇ ਪ੍ਰੋਗਰਾਮ ਮੁਹੱਈਆ ਕਰਦੀ ਹੋਵੇ
- ਇਸ ਦਾ ਸੰਚਾਲਨ ਵਲੰਟੀਅਰ ਬੋਰਡ ਆਫ਼ ਡਾਇਰੈਕਟਰਜ਼ ਵੱਲੋਂ ਕੀਤਾ ਜਾਂਦਾ ਹੋਵੇ
- ਵਲੰਟੀਅਰਾਂ ਦੀ ਵਰਤੋਂ ਕਰਦੀ ਹੋਵੇ
- ਪੜਤਾਲਸ਼ੁਦਾ ਵਿੱਤੀ ਸਟੇਟਮੈਂਟਾਂ ਮੁਹੱਈਆ ਕਰਦੀ ਹੋਵੇ
- ਆਂਟੇਰੀਓ ਹਿਊਮੇਨ ਰਣਟਿਸ ਕੋਡ (Ontario Human Rights Code) ਦੀ ਪਾਲਣਾ ਕਰਦੀ ਹੋਵੇ
- ਘੱਟੋ ਘੱਟ $2 ਬਿਲੀਅਨ ਦਾ ਦੇਣਦਾਰੀ ਬੀਮਾ (Liability Insurance) ਜ਼ਰੂਰੀ ਕਰਵਾਇਆ ਹੋਵੇ
- ਪੀਲ ਅੰਦਰਲੇ ਸੰਬੰਧਤ ਮਸਲਿਆਂ ਅਤੇ ਲੋੜਾਂ ਦੀ ਜਾਣਕਾਰੀ ਰੱਖਦੀ ਹੋਵੇ
- ਯੂਨਾਈਟਿਡ ਵੇ ਦੀਆਂ ਪਾਲਸੀਆਂ ਅਨੁਸਾਰ ਕੰਮ ਕਰਦੀ ਹੋਵੇ

ਵਾਪਸ ਸਿਖ਼ਰ ‘ਤੇ ਜਾਓ

---

## 14. ਏਜੰਸੀਆਂ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ?

ਕਮਿਊਨਿਟੀ ਵਿੱਚ ਸਾਡੇ ਨਿਵੇਸ਼ ਇਸ ਤਰ੍ਹਾਂ ਨੀਤੀਬੱਧ ਅਤੇ ਕੇਂਦਰਤ ਹੁੰਦੇ ਕਿ ਇਨ੍ਹਾਂ ਦਾ ਅਸਰ ਵੱਧ ਤੋਂ ਵੱਧ ਪਵੇ। ਇਹ ਯਕੀਨੀ ਬਣਾਉਣ ਲਈ ਕਿ ਉਹ ਕਾਰਜ ਕੁਸ਼ਲਤਾ ਦੇ ਸਾਡੇ ਸਾਰੇ ਆਧਾਰ ਨੁਕਤਿਆਂ (ਸਹਿਕਾਰਤਾ, ਰਸਾਈ,ਨਿਰਮਾਣ ਲਈ ਸਮਰੱਥਾ,ਪ੍ਰਭਾਵਸ਼ੀਲਤਾ, ਅਤੇ ਉੱਤਰਦਾਇਕਤਾ) ‘ਤੇ ਪੂਰੇ ਉੱਤਰਦੇ ਹਨ ਯੂਨਾਈਟਿਡ ਵੇ ਤੋਂ ਫੰਡ ਲੈਣ ਵਾਲੀਆਂ ਸਾਰੀਆਂ ਏਜੰਸੀਆਂ ਅਤੇ ਪ੍ਰੋਗਰਾਮਾਂ ਦਾ ਧਿਆਣ ਨਾਲ ਅਸੀਂ ਮੁਲਾਂਕਣ ਕਰਦੇ ਹਾਂ। ਉਨ੍ਹਾਂ ਦੇ ਵਿੱਤੀ ਅਤੇ ਪ੍ਰੋਗਰਾਮ ਦੇ ਪ੍ਰਬੰਧ ਨੂੰ ਤਜਰਬਾਕਾਰ ਵਲੰਟੀਅਰਾਂ ਦੀ ਡੂੰਘੀ ਨਜ਼ਰਸਾਨੀ ਵਿੱਚੋਂ ਵੀ ਗੁਜ਼ਰਨਾ ਪੈਂਦਾ ਹੈ। ਇਹ ਯਕੀਨੀ ਬਣਾਉਣ ਲਈ ਵਿਸ਼ੇਸ਼ ਧਿਆਣ ਦਿੱਤਾ ਜਾਂਦਾ ਹੈ ਕਿ ਫੰਡ ਪ੍ਰਾਪਤ ਕਰਨ ਵਾਲੇ ਪ੍ਰੋਗਰਾਮ ਅਤੇ ਸੇਵਾਵਾਂ ਸਾਡੀ ਕਮਿਊਨਿਟੀ ਅੰਦਰ ਅਹਿਮ ਮਸਲਿਆਂ ਅਤੇ ਪਹਿਲ ਦੇਣਯੋਗ ਖੇਤਰਾਂ ਦੀ ਲੋੜ ਪੂਰੀ ਕਰਦੀਆਂ ਹੋਣ।

ਵਾਪਸ ਸਿਖ਼ਰ ‘ਤੇ ਜਾਓ

---

## 15. ਮੈਂ ਪੀਲ ਰੀਜਨ ਵਿੱਚ ਕੰਮ ਨਹੀਂ ਕਰਦਾ ਤਾਂ ਫ਼ਿਰ ਮੈਂ ਕਿਉਂ ਯੋਗਦਾਨ ਪਾਵਾਂ?

ਭਾਵੇਂ ਤੁਸੀਂ ਪੀਲ ਰੀਜਨ ਵਿੱਚ ਕੰਮ ਨਹੀਂ ਕਰਦੇ, ਪਰ ਰਹਿਣ ਲਈ ਤੁਸੀਂ ਇਥੇ ਹੀ ਆਉਂਦੇ ਹੋ। ਅਸੀਂ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨਾ ਚਾਹੁੰਦੇ ਹਾਂ ਕਿ ਸਾਡੀ ਕਮਿਊਨਿਟੀ ਮਜ਼ਬੂਤ, ਸੇਹਤਮੰਦ ਹੈ ਅਤੇ ਲੋੜੀਂਦੀਆਂ ਮਨੁੱਖੀ ਸੰਭਾਲ ਸੇਵਾਵਾਂ ਅਤੇ ਪ੍ਰੋਗਰਾਮ ਤਕ ਹਰੇਕ ਨੂੰ, ਜਦੋ ਵੀ ਲੋੜ ਪਵੇ, ਉਨ੍ਹਾਂ ਦੀ ਪਹੁੰਚ ਹੋਵੇ। ਕਮਿਊਨਿਟੀ ਫੰਡ ਵਿੱਚ ਯੋਗਦਾਨ ਅਜਿਹੇ ਸਾਧਨ ਮੁਹੱਈਆ ਕਰਦੇ ਹਨ ਜਿੰਨ੍ਹਾਂ ਦੀ ਲੋੜ ਨਾ ਸਿਰਫ਼ ਸੇਵਾਵਾਂ ਦੇ ਅਹਿਮ ਨੈੱਟਵਰਕ ਦੀ ਮਦਦ ਲਈ ਹੁੰਦੀ ਹੈ ਸਗੋਂ ਮਜ਼ਬੂਤ ਕਮਿਊਨਿਟੀ ਏਜੰਸੀਆਂ ਬਣਾਉਣ ਵਿੱਚ ਮਦਦ ਦੇਣ, ਸਮਾਜਕ ਮਸਲਿਆਂ ਬਾਰੇ ਅਗਵਾਈ ਅਤੇ ਭਾਈਵਾਲੀ ਦੀ ਹਮਾਇਤ ਦੇਣ, ਅਤੇ ਸਾਡੀ ਕਮਿਊਨਿਟੀ ਦੀ ਤਰਫ਼ੋਂ ਪੱਖ ਨੂੰ ਪੂਰਨ ਲਈ ਹੁੰਦੀ ਹੈ।

ਵਾਪਸ ਸਿਖ਼ਰ ‘ਤੇ ਜਾਓ

---

## 16. ਜਦ ਕਿ ਮੈਂ ਤੁਹਾਡੀ ਮਦਦ ਨਾਲ ਚਲਦੇ ਪ੍ਰੋਗਰਾਮ ਦੀ ਵਰਤੋਂ ਨਹੀਂ ਕਰਦਾ ਤਾਂ ਫ਼ਿਰ ਮੈਂ ਯੂਨਾਈਟਿਡ ਵੇ ਨੂੰ ਕਿਉਂ ਦੇਵਾਂ?

ਯੂਨਾਈਟਿਡ ਵੇ ਹਰੇਕ ਲਈ ਮਜ਼ਬੂਤ ਅਤੇ ਸੇਹਤਮੰਦ ਕਮਿਊਨਿਟੀ ਬਣਾਉਣ ਵਿੱਚ ਮਦਦ ਕਰਦੀ ਹੈ ਜਿਸ ਵਿੱਚ ਤੁਹਾਡਾ ਪਰਿਵਾਰ, ਦੋਸਤ, ਅਤੇ ਗੁਆਂਢੀ ਵੀ ਸ਼ਾਮਲ ਹਨ। ਭਾਵੇਂ ਪੀਲ ਨੂੰ ਇੱਕ ਖ਼ੁਸ਼ਹਾਲ ਕਮਿਊਨਿਟੀ ਸਮਝਿਆ ਜਾਂਦਾ ਹੈ, ਫ਼ਿਰ ਵੀ ਹਜ਼ਾਰਾਂ ਹੀ ਕਮਜ਼ੋਰ ਵਿਅਕਤੀ ਅਤੇ ਪਰਿਵਾਰ ਹਨ ਜਿੰਨ੍ਹਾਂ ਨੂੰ ਸਹਾਰੇ ਦੀ ਲੋੜ ਹੈ। ਯੂਨਾਈਟਿਡ ਵੇ ਇਸ ਲੋੜ ਨੂੰ ਆਪਣੇ ਕਮਿਊਨਿਟੀ ਫੰਡ, ਜਿਸ ਤੋਂ ਬਰੈਂਪਟਨ, ਕੈਲੇਡੌਨ ਅਤੇ ਮਿਸੀਸਾਗਾ ਵਿੱਚ 109 ਪ੍ਰੋਗਰਾਮ ਮਦਦ ਲੈਂਦੇ ਹਨ, ਰਾਹੀਂ ਪੂਰਾ ਕਰਦੀ ਹੈ। ਇਹ ਪ੍ਰੋਗਰਾਮ ਸੇਵਾਵਾਂ ਦਾ ਇੱਕ ਅਜਿਹਾ ਨੈੱਟਵਰਕ ਮੁਹੱਈਆ ਕਰਦੇ ਹਨ ਜੋ ਸਾਰੀ ਕਮਿਊਨਿਟੀ ਨੂੰ ਮਜ਼ਬੂਤ ਬਣਾਉਂਦੇ ਹਨ। ਇਸ ਤੋਂ ਇਲਾਵਾ, ਕਮਿਊਨਿਟੀ ਫੰਡ ਦੀ ਮਦਦ ਲੈਂਦੇ ਉੱਦਮ ਮਜ਼ਬੂਤ ਏਜੰਸੀਆਂ ਬਣਾਉਂਦਾ ਹੈ, ਪੇਚੀਦਾ ਸਮਾਜਕ ਮਸਲਿਆਂ ਨੂੰ ਨਜਿੱਠਣ ਲਈ ਮਿਲ ਕੇ ਭਾਈਵਾਲੀ ਪੈਦਾ ਕਰਦਾ ਹੈ, ਅਤੇ ਸਾਡੀ ਕਮਿਊਨਿਟੀ ਦੀ ਤਰਫ਼ੋਂ ਹਮਾਇਤ ਕਰਦਾ ਹੈ।

ਵਾਪਸ ਸਿਖ਼ਰ ‘ਤੇ ਜਾਓ

---

## 17. ਕੀ ਮੈਂ ਆਪਣਾ ਦਾਨ ਕਮਿਊਨਿਟੀ ਫੰਡ ਦੇ ਪਹਿਲ ਲੈਣ ਵਾਲੇ ਕਿਸੇ ਵਿਸ਼ੇਸ਼ ਖੇਤਰ ਲਈ ਨਾਮਜ਼ਦ ਕਰ ਸਕਦਾ ਹਾਂ।?

ਨਹੀਂ। ਕਮਿਊਨਿਟੀ ਦੀਆਂ ਲੋੜਾ ਨੂੰ ਬਹੁਤ ਮੁਕੰਮਲ ਅਤੇ ਸੰਪੂਰਨ ਢੰਗ ਨਾਲ ਪੂਰਾ ਕਰਨ ਲਈ, ਇਸ ਪੱਖੋਂ ਕਿ ਕਮਿਊਨਿਟੀ ਫੰਡਾਂ ਦੇ ਸਾਧਨਾਂ ਨੂੰ ਕਿਵੇਂ ਵੰਡਿਆ ਜਾਵੇ, ਸਾਨੂੰ ਵੱਧ ਤੋਂ ਵੱਧ ਨਰਮੀ ਰੱਖਣੀ ਚਾਹੀਦੀ ਹੈ। ਯੂਨਾਈਟਿਡ ਵੇ ਨੂੰ ਕਮਿਊਨਿਟੀ ਦੀਆਂ ਲੋੜਾਂ, ਇਸ ਵੱਲੋਂ ਫੰਡ ਪ੍ਰਾਪਤ ਕਰਦੀਆਂ ਏਜੰਸੀਆਂ ਦੀਆਂ ਵਿੱਤੀ ਹਾਲਤਾਂ ਦੀ, ਸਮੇਤ ਅਜਿਹੇ ਫੰਡਾਂ ਦੇ ਜੋ ਉਹ ਏਜੰਸੀਆਂ ਹੋਰ ਸਾਧਨਾਂ ਤੋਂ ਹਾਸਲ ਕਰਦੀਆਂ ਹਨ, ਦੀ ਮੁਕੰਮਲ ਸਮਝ ਹੈ। ਅਕਸਰ, ਵੱਖ ਵੱਖ ਪਹਿਲ ਦੇਣਯੋਗ ਖੇਤਰਾਂ ਅੰਦਰ ਫੰਡ ਪ੍ਰਾਪਤ ਕਰਦੀਆਂ ਏਜੰਸੀਆਂ ਅਤੇ ਪ੍ਰੋਗਰਾਮ ਇੱਕੋ ਹੀ ਪਰਿਵਾਰ  ਜਾਂ ਵਿਅਕਤੀ ਦੀ ਮਦਦ ਕਰਦੇ ਹੋਣਗੇ। ਮਿਸਾਲ ਵਜੋਂ, ਇੱਕ ਔਰਤ ਅਤੇ ਉਸ ਦੇ ਬੱਚੇ ਐਂਟਰਮ ਪਲੇਸ ਸ਼ੈਲਟਰ ਵਿੱਚ ਰਹਿੰਦੇ ਹਨ ਪਰ ਜਦੋਂ ਸੁਤੰਤਰ ਘਰ ਵਿੱਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਫੂਡਪਾਥ ਤੋਂ ਕੁਝ ਬੁਨਿਆਦੀ ਚੀਜ਼ਾਂ ਦੀ ਲੋੜ ਪੈਂਦੀ ਹੈ। ਆਪਣੇ ਬੱਚਿਆਂ ਲਈ ਕੁਝ ਅਧਿਕ ਮਦਦ ਲੈਣ

ਲਈ  ਉਹ ਉਨ੍ਹਾਂ ਨੂੰ ਬਿੱਗ ਬ੍ਰਦਰਜ਼ ਬਿੱਗਸਿਸਟਰਜ਼ ਵੰਨ ਟੂ ਵੰਨ ਫ੍ਰੈਂਡਸ਼ਿੱਪ ਪ੍ਰੋਗਰਾਮ ਵਿੱਚ ਦਾਖ਼ਲ ਕਰਵਾ ਸਕਦੀ ਹੈ। ਉਕਤ ਦਰਜ ਸਾਰੀਆਂ ਏਜੰਸੀਆਂ ਨੂੰ ਵੱਖ ਵੱਖ ਪਹਿਲ ਦੇਣ ਵਾਲੇ ਖੇਤਰਾਂ ਅਨੁਸਾਰ ਫ਼ੰਡ ਦਿੱਤੇ ਜਾਂਦੇ ਹਨ।

ਵਾਪਸ ਸਿਖ਼ਰ ‘ਤੇ ਜਾਓ

---

## 18. ਕੀ ਮੈਂ ਕਿਸੇ ਅਜਿਹੀ ਖ਼ਰਾਇਤੀ ਸੰਸਥਾ ਨੂੰ ਦਾਨ ਦੇ ਸਕਦਾ ਹਾਂ ਜਿਹੜੀ ਯੂਨਾਈਟਿਡ ਵੇ ਤੋਂ ਫ਼ੰਡ ਪ੍ਰਾਪਤ ਨਾ ਕਰ ਰਹੀ ਹੋਵੇ?

ਹਾਂ। ਯੂਨਾਈਟਿਡ ਵੇ ਤੁਹਾਡੇ ਪ੍ਰਤਿਗਿਆ ਫ਼ਾਰਮ ਉੱਤੇ ਨਾਮਜ਼ਦ ਹੋਈ ਰਜਿਸਟਰਸ਼ੁਦਾ ਖ਼ਰਾਇਤੀ ਸੰਸਥਾ ਨੂੰ ਪਰਵਾਨ ਕਰੇਗੀ। ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ ਉਸ ਖ਼ਰਾਇਤੀ ਸੰਸਥਾ ਦਾ ਨਾਂ, ਪਤਾ ਅਤੇ ਖ਼ਰਾਇਤੀ ਰਜਿਸਟਰੇਸ਼ਨ ਨੰਬਰ ਅਤੇ ਰਕਮ ਜੋ ਤੁਸੀਂ ਦੇ ਰਹੇ ਹੋਵੋ ਇਹ ਜਾਣਕਾਰੀ ਸ਼ਾਮਲ ਕਰੋ। ਯਾਦ ਰੱਖੋ ਕਿ ਸਿਰਫ਼ ਯੂਨਾਈਟਿਡ ਵੇ ਵੱਲੋਂ ਫ਼ੰਡ ਪ੍ਰਾਪਤ ਕਰਨ ਵਾਲੀਆਂ ਏਜੰਸੀਆਂ ਨੂੰ ਕਰੜੇ ਨਜ਼ਰਸਾਨੀ ਦੇ ਅਮਲ ਵਿੱਚੋਂ ਗੁਜ਼ਰਨਾ ਪੈਂਦਾ ਹੈ।

ਵਾਪਸ ਸਿਖ਼ਰ ‘ਤੇ ਜਾਓ

---

## 19. ਕੀ ਮੈਂ ਇਹ ਯਕੀਨੀ ਬਣਾ ਸਕਦਾ ਹਾਂ ਕਿ ਮੇਰਾ ਦਾਨ ਯੂਨਾਈਟਿਡ ਵੇ ਵੱਲੋਂ ਫ਼ੰਡ ਪ੍ਰਾਪਤ ਕਰਨ ਵਾਲੀ ਵਿਸ਼ੇਸ਼ ਏਜੰਸੀ ਨੂੰ ਹੀ ਜਾਵੇ?

ਹਾਂ। ਯੂਨਾਈਟਿਡ ਵੇ ਤੁਹਾਡੇ ਵੱਲੋਂ ਨਾਮਜ਼ਦ ਹੋਈ ਵਿਸ਼ੇਸ਼ ਏਜੰਸੀ, ਜੋ ਯੂਨਾਈਟਿਡ ਵੇ ਵੱਲੋਂ ਫ਼ੰਡ ਪ੍ਰਾਪਤ ਕਰ ਰਹੀ ਹੋਵੇ, ਦਾ ਸਤਿਕਾਰ ਕਰੇਗੀ  ਤੁਸੀਂ ਸਾਡੀ ਵੈੱਬਸਾਈਟ (www.unitedwaypeel.org) ਉੱਤੇ ਜਾਂ ਸਾਡੇ ਦਾਨੀਆਂ ਦੇ ਬਰੋਸ਼ਰ ਵਿੱਚ ਅਜਿਹੀਆਂ ਏਜੰਸੀਆਂ ਦੀ ਸੂਚੀ ਵੇਖ ਸਕਦੇ ਹੋ। ਪਰਤਿਗਿਆ ਫ਼ਾਰਮ ਉੱਤੇ ਮੁਹੱਈਆ ਕੀਤੀ ਥਾਂ ਵਿੱਚ ਏਜੰਸੀ ਦਾ ਨਾਂ ਅਤੇ ਆਪਣੇ ਦਾਨ ਦੀ ਰਕਮ ਦਰਜ ਕਰੋ। ਕਿਰਪਾ ਕਰ ਕੇ ਖ਼ਬਰਦਾਰ ਰਹੋ ਕਿ ਭਾਵੇਂ ਏਜੰਸੀ ਤੁਹਾਡੇ ਵੱਲੋਂ ਨਾਮਜ਼ਦ ਕੀਤਾ ਦਾਨ ਪ੍ਰਾਪਤ ਕਰਦੀ ਹੈ ਫ਼ਿਰ ਵੀ ਇਹ ਕਮਿਊਨਿਟੀ ਫ਼ੰਡ ਵਿੱਚੋਂ ਫੰਡ ਹਾਸਲ ਕਰਨ ਲਈ ਸਾਲਾਨਾ ਬੇਨਤੀ ਭੇਜੇਗੀ। ਏਜੰਸੀਆਂ ਨੂੰ ਫ਼ੰਡ ਕਮਿਊਨਿਟੀ ਫ਼ੰਡ ਵਿੱਚੋਂ ਹੀ ਦਿੱਤੇ ਜਾਂਦੇ ਹਨ। ਜੇ ਤੁਹਾਡਾ ਦਾਨ ਕਿਸੇ ਵਿਸ਼ੇਸ਼ ਏਜੰਸੀ ਲਈ ਨਾਮਜ਼ਦ ਹੋ ਜਾਂਦਾ ਹੈ ਤਾਂ ਇਸ ਨਾਲ ਏਜੰਸੀ ਵੱਲੋਂ ਫ਼ੰਡ ਲੈਣ ਲਈ ਅਤੇ/ਜਾਂ ਫ਼ੰਡਾਂ ਵਿੱਚ ਵਾਧਾ ਕਰਨ ਲਈ ਬੇਨਤੀ ਉੱਤੇ ਯੂਨਾਈਟਿਡ ਵੇ ਵੱਲੋਂ ਵਿਚਾਰ ਕਰਨ ਦੀ ਯੋਗਤਾ ਘਟ ਜਾਂਦੀ ਹੈ। ਹਰੇਕ ਸਾਲ, ਆਪਣੇ ਪੰਜ ਨੁਕਾਤੀ ਪਹਿਲ ਦੇਣਯੋਗ ਖੇਤਰਾਂ ਦੀ ਮਦਦ ਕਰਨ ਲਈ ਯੂਨਾਈਟਿਡ ਵੇ ਕੋਲ ਫ਼ੰਡ ਦੇਣ ਲਈ ਭਾਰੀ ਗਿਣਤੀ ਵਿੱਚ ਮੰਗਾਂ ਆਉਂਦੀਆਂ ਹਨ। ਕਮਿਊਨਿਟੀ ਫ਼ੰਡ ਵਿੱਚ ਨਿਵੇਸ਼ ਕਰਨ ਨਾਲ ਯੂਨਾਈਟਿਡ ਵੇ ਸੰਪੂਰਨ ਢੰਗ ਨਾਲ ਅਤੇ ਕਮਿਊਨਿਟੀ ਦੀਆਂ ਲੋੜਾਂ ਸੰਬੰਧੀ ਖੋਜ ਅਤੇ ਜਾਣਕਾਰੀ ਨੂੰ ਆਧਾਰ ਬਣਾ ਕੇ ਇਸ ਕੰਮ ਨੂੰ ਪੂਰਾ ਕਰ ਸਕਦੀ ਹੈ। ( ਇਸ ਦਾਨ ਨੂੰ) ਵੱਧ ਤੋਂ ਵੱਧ ਅਸਰਦਾਇਕ ਬਣਾਉਣ ਲਈ ਕਿਰਪਾ ਕਰ ਕੇ ਆਪਣੇ ਦਾਨ ਦਾ ਕੁਝ ਹਿੱਸਾ ਪੀਲ ਰੀਜਨ ਦੀ ਯੂਨਾਈਟਿਡ ਵੇ ਨੂੰ ਦੇਣ ਲਈ ਵਿਚਾਰ ਕਰੋ।

ਵਾਪਸ ਸਿਖ਼ਰ ‘ਤੇ ਜਾਓ

---

## 20. ਦੂਜੀਆਂ ਖ਼ੈਰਾਇਤੀ ਸੰਸਥਾਵਾਂ ਨੂੰ ਦਿੱਤੇ ਜਾਣ ਵਾਲੇ ਦਾਨ ਦੀ ਰਕਮ ਉੱਤੇ ਤੁਸੀਂ 10% ਪ੍ਰਸ਼ਾਸਨ ਫ਼ੀਸ ਕਿਉਂ ਲਾਉਂਦੇ ਹੋ?

ਦੂਜੀਆਂ ਏਜੰਸੀਆਂ ਨੂੰ ਦਿੱਤੇ ਜਾਣ ਵਾਲੇ ਦਾਨ ਦਾ ਭਾਵੇਂ ਯੂਨਾਈਟਿਡ ਵੇ ਨੂੰ ਕੋਈ ਲਾਭ ਨਹੀਂ ਹੁੰਦਾ ਫ਼ਿਰ ਵੀ, ਦਾਨ ਦੀ ਰਕਮ ਦੇ ਆਕਾਰ ਨੂੰ ਧਿਆਨ ਵਿੱਚ ਨਾ ਰੱਖਦੇ ਹੋਏ, ਇਸ ਉੱਤੇ ਸਾਡੇ ਸਾਧਨਾਂ ਦੀ ਵਰਤੋਂ ਹੁੰਦੀ ਹੈ ਅਤੇ ਦਾਨ ਦੀ ਰਕਮ ਉੱਤੇ ਕਾਰਵਾਈ ਕਰਨੀ ਪੈਂਦੀ ਹੈ। ਫ਼ੰਡ ਇਕੱਤਰ ਕਰਨ ਦੇ ਕੁੱਲ੍ਹ ਖ਼ਰਚੇ ਪੂਰੇ ਕਰਨ ਲਈ 10% ਫ਼ੀਸ ਨਾਲ ਸਾਨੂੰ ਮਦਦ ਮਿਲ ਜਾਂਦੀ ਹੈ।

ਵਾਪਸ ਸਿਖ਼ਰ ‘ਤੇ ਜਾਓ